Australian Government
Department of Home Affairs

# ਆਸਟ੍ਰੇਲੀਆ ਵਿੱਚ ਦਾਖਲ ਹੋਣਾ

ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ।

## ਕਦਮ 1 – ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਯਾਤਰਾ ਬੁੱਕ ਕਰੋ

### ਆਪਣੇ ਵੀਜ਼ੇ ਦੀਆਂ ਲੋੜਾਂ ਦੀ ਜਾਂਚ ਕਰੋ

ਬਿਨਾਂ ਵੀਜ਼ੇ ਦੇ ਆਸਟ੍ਰੇਲੀਆ ਵੱਲ ਯਾਤਰਾ ਕਰਨ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਵੀਜ਼ਾ ਵਿਕਲਪਾਂ ਦੀ ਪੜਚੋਲ ਕਰਨ ਲਈ ਸਾਡੇ ਵੀਜ਼ਾ ਵਿਕਲਪਾਂ ਦੀ ਵਰਤੋਂ ਕਰ ਸਕਦੇ ਹੋ।

## ਕਦਮ 2 - ਆਪਣੇ ਟੀਕਾਕਰਨ ਦੀਆਂ ਲੋੜਾਂ ਦੀ ਜਾਂਚ ਕਰੋ

ਤੁਹਾਡੀ ਟੀਕਾਕਰਨ ਦੀ ਅਵਸਥਾ ਇਸ ਗੱਲ ਦਾ ਫੈਸਲਾ ਕਰੇਗੀ ਕਿ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਤੁਹਾਨੂੰ ਕੀ ਕਰਨ ਦੀ ਲੋੜ ਹੈ।

ਇਹ ਵੇਖਣ ਲਈ ਜਾਂਚ ਕਰੋ ਕਿ ਕੀ ਤੁਸੀਂ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਕਰਦੇ ਹੋ।

**ਜਿਹੜੇ ਵੀਜ਼ਾ ਧਾਰਕ ਆਸਟ੍ਰੇਲੀਆ ਪਹੁੰਚਦੇ ਹਨ, ਉਹਨਾਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਨਜ਼ਰਬੰਦ ਕਰਕੇ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ ਉਹਨਾਂ ਨੇ:**

- **ਆਸਟ੍ਰੇਲੀਆ ਦੀਆਂ ਸਰਹੱਦੀ ਦਾਖਲੇ ਦੀਆਂ ਲੋੜਾਂ ਅਨੁਸਾਰ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕੇ ਨਹੀਂ ਲਗਵਾਏ ਹਨ; ਜਾਂ**
- **ਆਸਟ੍ਰੇਲੀਆ ਦੀ ਸਰਕਾਰ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ COVID-19 ਵੈਕਸੀਨ ਵਾਸਤੇ ਕੋਈ ਡਾਕਟਰੀ ਮਨਾਹੀ ਨਹੀਂ ਹੈ; ਜਾਂ**
- **ਕਿਸੇ *ਛੋਟ ਵਾਲੀ ਸ਼੍ਰੇਣੀ* ਵਿੱਚ ਨਹੀਂ ਹਨ ਜਾਂ ਉਹਨਾਂ ਕੋਲ ਕੋਈ ਵਿਅਕਤੀਗਤ ਯਾਤਰਾ ਛੋਟ ਹੈ।**

ਜੇ ਤੁਸੀਂ ਇਹਨਾਂ ਲੋੜਾਂ ਨੂੰ ਪੂਰਾ ਨਹੀਂ ਕਰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਟੀਕਾਕਰਨ ਨਾ ਕੀਤੇ ਯਾਤਰੀਆਂ ਵਾਲੇ ਕਦਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## ਕਦਮ 3 - ਆਪਣਾ ਟੀਕਾਕਰਨ ਸਰਟੀਫਿਕੇਟ ਪ੍ਰਾਪਤ ਕਰੋ

ਜੇ ਤੁਹਾਨੂੰ ਆਸਟ੍ਰੇਲੀਆ ਵਿੱਚ ਟੀਕੇ ਲਗਾਏ ਗਏ ਸਨ, ਤਾਂ ਅੰਤਰਰਾਸ਼ਟਰੀ COVID-19 ਟੀਕਾਕਰਨ ਸਰਟੀਫਿਕੇਟ (ICVC) ਪ੍ਰਾਪਤ ਕਰੋ।

ਜੇ ਤੁਹਾਨੂੰ ਵਿਦੇਸ਼ਾਂ ਵਿੱਚ ਟੀਕੇ ਲਗਾਏ ਗਏ ਸਨ ਅਤੇ ਤੁਹਾਡੇ ਕੋਲ ICVC ਨਹੀਂ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਵਿਦੇਸ਼ੀ ਟੀਕਾਕਰਨ ਸਰਟੀਫਿਕੇਟ ਪ੍ਰਾਪਤ ਕਰਨਾ ਚਾਹੀਦਾ ਹੈ ਜੋ ਆਸਟ੍ਰੇਲੀਆ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੋਵੇ।

ਵਧੇਰੇ ਜਾਣਕਾਰੀ ਵਾਸਤੇ ਟੀਕਾਕਰਨ ਅਤੇ ਟੈਸਟ ਕਰਨ ਦੀਆਂ ਲੋੜਾਂ ਵੇਖੋ।

## ਕਦਮ 4 – ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਜਾਂਚ ਕਰੋ

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਉਡਾਣ ਬੁੱਕ ਕਰੋ, ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਪਹੁੰਚਣ ਦੀਆਂ ਲੋੜਾਂ ਦੀ ਜਾਂਚ ਕਰੋ। ਇਸ ਵਿੱਚ ਸਰਹੱਦੀ ਦਾਖਲੇ ਦੇ ਰਜਿਸਟ੍ਰੇਸ਼ਨ ਫਾਰਮ ਜਾਂ ਕੁਆਰੰਟੀਨ ਸ਼ਾਮਲ ਹੋ ਸਕਦੇ ਹਨ।

ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੀ ਜਾਂਚ ਕਰੋ ਜਿੰਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਜਿੰਨ੍ਹਾਂ ਵੱਲ ਯਾਤਰਾ ਕਰੋਗੇ। ਥੋੜ੍ਹੇ ਸਮੇਂ ਦੇ ਨੋਟਿਸ 'ਤੇ ਲੋੜਾਂ ਵਿੱਚ ਤਬਦੀਲੀ ਹੋ ਸਕਦੀ ਹੈ।

ਤੁਸੀਂ ਯਾਤਰਾ ਪਾਬੰਦੀਆਂ ਅਤੇ ਲੋੜਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੋ ਜੋ ਤੁਹਾਡੇ ਉੱਤੇ ਲਾਗੂ ਹੁੰਦੀਆਂ ਹਨ। ਜੇ ਤੁਸੀਂ ਪਾਲਣਾ ਨਹੀਂ ਕਰਦੇ ਹੋ, ਤਾਂ ਤੁਹਾਨੂੰ ਗੰਭੀਰ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਕੈਦ ਅਤੇ ਮਹੱਤਵਪੂਰਨ ਜੁਰਮਾਨੇ ਸ਼ਾਮਲ ਹਨ ਵੇਖੋ: ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੇ ਪਹੁੰਚਣ ਦੀਆਂ ਲੋੜਾਂ।

## ਕਦਮ 5 – ਆਪਣੀ ਯਾਤਰਾ ਦੀ ਯੋਜਨਾ ਬਣਾਓ

### ਅਗਾਊਂ ਯੋਜਨਾ ਬਣਾਓ

ਤੁਹਾਨੂੰ ਇਸ ਗੱਲ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਜੇ ਤੁਹਾਡੀ ਯਾਤਰਾ ਵਿੱਚ ਦੇਰੀ ਅਤੇ ਰੁਕਾਵਟਾਂ ਆਉਂਦੀਆਂ ਹਨ ਤਾਂ ਤੁਸੀਂ ਕੀ ਕਰੋਗੇ।

## ਕਦਮ 6 – ਆਪਣੀ ਯਾਤਰਾ ਬੁੱਕ ਕਰੋ

## ਕਦਮ 7 – ਯਾਤਰਾ ਕਰਨ ਲਈ ਤਿਆਰੀ ਕਰੋ

### ਆਪਣੀ ਡਿਜ਼ਿਟਲ ਯਾਤਰੀ ਘੋਸ਼ਣਾ ਨੂੰ ਪੂਰਾ ਕਰੋ

ਤੁਸੀਂ ਆਪਣੀ ਡਿਜ਼ਿਟਲ ਯਾਤਰੀ ਘੋਸ਼ਣਾ (DPD) ਨੂੰ ਆਪਣੀ ਉਡਾਣ ਤੋਂ ਸੱਤ ਦਿਨ ਪਹਿਲਾਂ ਸ਼ੁਰੂ ਕਰ ਸਕਦੇ ਹੋ ਅਤੇ ਇਸ ਨੂੰ ਆਸਟ੍ਰੇਲੀਆ ਲਈ ਰਵਾਨਾ ਹੋਣ ਤੋਂ 72 ਘੰਟਿਆਂ ਦੇ ਅੰਦਰ ਜਮ੍ਹਾਂ ਕਰ ਸਕਦੇ ਹੋ।

DPD ਅਹਿਮ ਸਿਹਤ ਜਾਣਕਾਰੀ ਦੀ ਬੇਨਤੀ ਕਰਦਾ ਹੈ। ਇਸ ਜਾਣਕਾਰੀ ਨੂੰ ਪ੍ਰਦਾਨ ਕਰਾਉਣਾ ਕਾਨੂੰਨੀ ਲੋੜ ਹੈ। ਇਹ ਯਕੀਨੀ ਬਨਾਉਣ ਵਿੱਚ ਮਦਦ ਕਰੇਗਾ ਕਿ ਤੁਹਾਨੂੰ ਹਵਾਈ ਅੱਡੇ 'ਤੇ, ਜਾਂ ਜਦ ਤੁਸੀਂ ਆਸਟ੍ਰੇਲੀਆ ਪਹੁੰਚਦੇ ਹੋ ਤਾਂ ਤੁਹਾਨੂੰ ਬੇਲੋੜੀਆਂ ਦੇਰੀਆਂ ਦਾ ਤਜ਼ਰਬਾ ਨਾ ਹੋਵੇ। ਵਧੇਰੇ ਜਾਣਕਾਰੀ ਲਈ ਵੇਖੋ: DPD

## ਕਦਮ 8 - ਰਵਾਨਗੀ ਤੋਂ ਪਹਿਲਾਂ ਵਾਲਾ COVID-19 ਦਾ ਟੈਸਟ ਕਰਵਾਉਣਾ

ਤੁਹਾਨੂੰ ਹਾਲ ਹੀ ਵਿੱਚ ਕੀਤੇ COVID-19 ਟੈਸਟ ਦੇ ਨਕਾਰਾਤਮਕ (ਨੈਗੇਟਿਵ) ਨਤੀਜੇ ਦਾ ਸਬੂਤ ਏਅਰਲਾਈਨ ਦੇ ਅਮਲੇ ਨੂੰ ਵਿਖਾਉਣ ਦੀ ਲੋੜ ਪਵੇਗੀ।

ਤੁਹਾਨੂੰ ਕਿਹੜੇ ਟੈਸਟ ਦੀ ਲੋੜ ਹੈ ਅਤੇ ਟੈਸਟ ਕਦੋਂ ਕਰਵਾਉਣਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ, ਟੀਕਾਕਰਨ ਅਤੇ ਟੈਸਟ ਕਰਨਾ ਵੇਖੋ।

## ਕਦਮ 9 – ਹਵਾਈ ਅੱਡੇ ਵਾਸਤੇ ਆਪਣੇ ਦਸਤਾਵੇਜ਼ਾਂ ਨੂੰ ਤਿਆਰ ਕਰੋ

ਜਦ ਤੁਸੀਂ ਆਪਣੀ ਉਡਾਣ ਵਾਸਤੇ ਚੈੱਕ-ਇਨ ਕਰਦੇ ਹੋ, ਤਾਂ ਏਅਰਲਾਈਨ ਦੇ ਅਮਲੇ ਦੁਆਰਾ ਤੁਹਾਨੂੰ ਹੇਠ ਲਿਖਿਆਂ ਨੂੰ ਪੇਸ਼ ਕਰਨ ਲਈ ਕਿਹਾ ਜਾਵੇਗਾ:

- ਪਾਸਪੋਰਟ
- ਵੀਜ਼ਾ
- ਸਬੂਤ ਕਿ ਕੀ ਤੁਸੀਂ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਕਰਦੇ ਹੋ।
- COVID-19 ਟੈਸਟ ਦਾ ਨਕਾਰਾਤਮਕ (ਨੈਗੇਟਿਵ) ਨਤੀਜਾ
- ਪੂਰਾ ਕੀਤਾ DPD

## ਕਦਮ 10 – ਆਸਟ੍ਰੇਲੀਆ ਵਾਸਤੇ ਦਾਖਲੇ ਦੀਆਂ ਲੋੜਾਂ ਦੀ ਪੂਰਤੀ ਕਰਨਾ

ਇਸ ਵਿੱਚ ਪ੍ਰਵਾਸ (ਇਮੀਗ੍ਰੇਸ਼ਨ), ਕਸਟਮ, ਜੈਵਿਕ-ਸੁਰੱਖਿਆ (ਬਾਇਓਸਕਿਓਰਟੀ) ਕਲੀਅਰੈਂਸ ਸ਼ਾਮਲ ਹਨ।

ਵਧੇਰੇ ਜਾਣਕਾਰੀ ਵਾਸਤੇ, ਸਰਹੱਦ ਪਾਰ ਕਰਨਾ ਵੇਖੋ।

## ਕਦਮ 11 – ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ ਦੀ ਪੂਰਤੀ ਕਰਨਾ

ਜ਼ਿਆਦਾਤਰ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਲਈ ਤੁਹਾਡੇ ਪਹੁੰਚਣ ਤੋਂ ਤੁਰੰਤ ਬਾਅਦ ਆਪਣਾ COVID-19 ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ।

ਤੁਹਾਨੂੰ ਇਸ ਦੀ, ਅਤੇ ਉਹਨਾਂ ਸਾਰੇ ਪ੍ਰਾਂਤਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਕਿਸੇ ਹੋਰ ਲੋੜਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿੰਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਜਿੰਨ੍ਹਾਂ ਵੱਲ ਯਾਤਰਾ ਕਰੋਗੇ।

# ਆਸਟ੍ਰੇਲੀਆ ਦੇ ਵਿੱਚੋਂ ਦੀ ਲੰਘਣਾ

## 72 ਘੰਟੇ ਜਾਂ ਇਸ ਤੋਂ ਘੱਟ ਦਾ ਲਾਂਘਾ

ਜੇ ਤੁਸੀਂ ਆਸਟ੍ਰੇਲੀਆ ਦੇ ਵਿੱਚੋਂ ਲੰਘ ਰਹੇ ਹੋ, ਤਾਂ ਤੁਹਾਨੂੰ **ਲਾਜ਼ਮੀ** ਉਸ ਉਡਾਣ ਵਿੱਚ ਅੱਗੇ ਦੀ ਟਿਕਟ ਹਾਸਲ ਕਰਨੀ ਚਾਹੀਦੀ ਹੈ ਜੋ ਤੁਹਾਡੇ ਸ਼ੁਰੂਆਤੀ ਦਾਖਲੇ ਦੇ 72 ਘੰਟਿਆਂ ਤੋਂ ਘੱਟ ਸਮੇਂ ਦੇ ਅੰਦਰ ਆਸਟ੍ਰੇਲੀਆ ਤੋਂ ਰਵਾਨਾ ਹੁੰਦੀ ਹੈ। ਜੇ ਢੁੱਕਵੀਂ ਨਾਲ ਜੁੜਨ ਵਾਲੀ ਉਡਾਣ ਉਪਲਬਧ ਨਹੀਂ ਹੈ, ਤਾਂ ਆਸਟ੍ਰੇਲੀਆ ਰਾਹੀਂ ਲਾਂਘਾ ਸੰਭਵ **ਨਹੀਂ ਹੋਵੇਗਾ**।

### ਵੀਜ਼ੇ ਦੀਆਂ ਜ਼ਰੂਰਤਾਂ

ਆਸਟ੍ਰੇਲੀਆ ਦੇ ਵਿੱਚੋਂ ਦੀ ਲੰਘਣ ਲਈ ਤੁਹਾਡੇ ਕੋਲ ਲਾਜ਼ਮੀ ਵੈਧ ਵੀਜ਼ਾ ਹੋਣਾ ਚਾਹੀਦਾ ਹੈ ਜਾਂ ਤੁਸੀਂ ਬਿਨਾਂ ਵੀਜ਼ੇ ਤੋਂ ਲੰਘਣ (TWOV) ਵਾਲੇ ਯੋਗ ਦੇਸ਼ ਤੋਂ ਹੋਣੇ ਚਾਹੀਦੇ ਹੋ।

ਜੇ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ ਜਾਂ ਤੁਸੀਂ TWOV ਦੇ ਯੋਗ ਨਹੀਂ ਹੋ ਤਾਂ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਵੀਜ਼ੇ ਵਾਸਤੇ ਅਰਜ਼ੀ ਜ਼ਰੂਰ ਦਿਓ। ਆਸਟ੍ਰੇਲੀਆ ਦੇ ਵਿੱਚੋਂ ਦੀ 72 ਘੰਟਿਆਂ ਤੱਕ ਲੰਘਣ ਲਈ ਟਰਾਂਜ਼ਿਟ ਵੀਜ਼ੇ (ਸਬਕਲਾਸ 771) ਲਈ ਅਰਜ਼ੀ ਦਿਓ।

### COVID-19 ਦਾ ਟੈਸਟ ਕਰਨਾ

ਆਸਟ੍ਰੇਲੀਆ ਦੇ ਵਿੱਚੋਂ ਲੰਘਣ ਲਈ ਤੁਹਾਨੂੰ COVID-19 ਟੈਸਟ ਦੇ ਨਕਾਰਾਤਮਕ (ਨੈਗੇਟਿਵ) ਨਤੀਜੇ ਦੀ ਲੋੜ ਹੈ। ਵਧੇਰੇ ਜਾਣਕਾਰੀ ਵਾਸਤੇ ਟੀਕਾਕਰਨ ਅਤੇ ਟੈਸਟ ਕਰਨਾ ਵੇਖੋ।

### ਡਿਜ਼ਿਟਲ ਯਾਤਰੀ ਘੋਸ਼ਣਾ

ਤੁਸੀਂ ਆਪਣੀ ਡਿਜ਼ਿਟਲ ਯਾਤਰੀ ਘੋਸ਼ਣਾ (DPD) ਨੂੰ ਆਪਣੀ ਉਡਾਣ ਤੋਂ ਸੱਤ ਦਿਨ ਪਹਿਲਾਂ ਸ਼ੁਰੂ ਕਰ ਸਕਦੇ ਹੋ ਅਤੇ ਇਸ ਨੂੰ ਆਸਟ੍ਰੇਲੀਆ ਲਈ ਰਵਾਨਾ ਹੋਣ ਤੋਂ 72 ਘੰਟਿਆਂ ਦੇ ਅੰਦਰ ਜਮ੍ਹਾਂ ਕਰ ਸਕਦੇ ਹੋ।

DPD ਅਹਿਮ ਸਿਹਤ ਜਾਣਕਾਰੀ ਦੀ ਬੇਨਤੀ ਕਰਦਾ ਹੈ। ਇਸ ਜਾਣਕਾਰੀ ਨੂੰ ਪ੍ਰਦਾਨ ਕਰਾਉਣਾ ਕਾਨੂੰਨੀ ਲੋੜ ਹੈ। ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਤੁਹਾਨੂੰ ਹਵਾਈ ਅੱਡੇ 'ਤੇ, ਜਾਂ ਜਦ ਤੁਸੀਂ ਆਸਟ੍ਰੇਲੀਆ ਪਹੁੰਚਦੇ ਹੋ ਤਾਂ ਤੁਹਾਨੂੰ ਬੇਲੋੜੀਆਂ ਦੇਰੀਆਂ ਦਾ ਤਜ਼ਰਬਾ ਨਾ ਹੋਵੇ। ਵਧੇਰੇ ਜਾਣਕਾਰੀ ਲਈ ਵੇਖੋ: DPD

## ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਲੋੜਾਂ

ਜਿਸ ਵੀ ਪ੍ਰਾਂਤ ਜਾਂ ਕੇਂਦਰ ਪ੍ਰਦੇਸ਼ ਵਿੱਚ ਤੁਸੀਂ ਪਹੁੰਚੇ ਹੋ ਉਹਨਾਂ ਦੀਆਂ ਲੰਘਣ ਵਾਲੀਆਂ ਲੋੜਾਂ ਦਾ ਤੁਸੀਂ ਲਾਜ਼ਮੀ ਪਾਲਣ ਕਰੋ। ਜਦੋਂ ਕਿ ਤੁਸੀਂ ਆਪਣੀ ਅਗਲੀ ਉਡਾਣ ਦੀ ਉਡੀਕ ਕਰ ਰਹੇ ਹੋ, ਤੁਹਾਨੂੰ ਹੋਟਲ ਵਾਲੀ ਰਿਹਾਇਸ਼ ਵਿੱਚ ਰਹਿਣਾ ਪੈ ਸਕਦਾ ਹੈ ਅਤੇ ਤੁਹਾਨੂੰ ਰਹਿਣ ਵਾਸਤੇ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।

## 72 ਘੰਟਿਆਂ ਤੋਂ ਵੱਧ

ਜੇ ਤੁਸੀਂ ਆਪਣੀ ਅਗਲੀ ਉਡਾਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ 72 ਘੰਟਿਆਂ ਤੋਂ ਵਧੇਰੇ ਸਮਾਂ ਬਿਤਾਓਗੇ, ਤਾਂ ਤੁਹਾਨੂੰ ਆਸਟ੍ਰੇਲੀਆ ਦੇ ਵਿੱਚੋਂ ਦੀ ਲੰਘਦਾ ਹੋਇਆ **ਨਹੀਂ ਮੰਨਿਆ** ਜਾਂਦਾ ਹੈ।

ਤੁਹਾਨੂੰ ਲਾਜ਼ਮੀ ਤੌਰ 'ਤੇ COVID-19 ਟੀਕਾਕਰਨ ਅਤੇ ਟੈਸਟ ਕਰਨ ਦੀਆਂ ਲੋੜਾਂ, ਵੀਜ਼ਾ, ਪ੍ਰਵਾਸ (ਇਮੀਗ੍ਰੇਸ਼ਨ), ਕਸਟਮ, ਜੈਵਿਕ-ਸੁਰੱਖਿਆ (ਬਾਇਓਸਕਿਓਰਟੀ) ਕਲੀਅਰੈਂਸ ਅਤੇ ਲਾਜ਼ਮੀ ਸਿਹਤ ਘੋਸ਼ਣਾਵਾਂ ਸਮੇਤ ਆਸਟ੍ਰੇਲੀਆ ਲਈ ਹੋਰ ਸਾਰੀਆਂ ਦਾਖਲਾ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਵਧੇਰੇ ਜਾਣਕਾਰੀ ਵਾਸਤੇ, ਸਰਹੱਦ ਪਾਰ ਕਰਨਾ ਵੇਖੋ।

ਤੁਹਾਨੂੰ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਨੂੰ ਵੀ ਪੂਰਾ ਕਰਨ ਦੀ ਲੋੜ ਹੈ।